2026/3010
16/10/2026


ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ)

ਪੰਜਾਬ।

ਮੀਮੋ ਨੰਬਰ: 532/G&C ਮਿਤੀ: 16.10.2026

ਵਿਸ਼ਾ: ਕੈਰੀਅਰ ਕਾਊਂਸਲਿੰਗ ਪੋਰਟਲ ਨੂੰ ਕਾਰਜਸ਼ੀਲ ਬਣਾਉਣ ਅਤੇ ਇਸ ਦੀ ਨਿਗਰਾਨੀ ਸਬੰਧੀ ਹਦਾਇਤਾਂ।

1. ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਐਸ.ਸੀ.ਈ.ਆਰ.ਟੀ. ਰਾਹੀਂ **Medhavi Professional Services Private Limited** ਨੂੰ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਜਮਾਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਲਈ ਆਨਲਾਈਨ ਕੈਰੀਅਰ ਕਾਊਂਸਲਿੰਗ ਪੋਰਟਲ ਵਿਕਸਿਤ ਕਰਨ ਅਤੇ ਇਸ ਨੂੰ ਕਾਰਜਸ਼ੀਲ ਬਣਾਉਣ ਦੇ ਨਾਲ-ਨਾਲ ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਨਿਯੁਕਤ ਕੀਤਾ ਗਿਆ ਹੈ।
2. ਪੋਰਟਲ ਦੇ ਸੁਚਾਰੂ ਸੰਚਾਲਨ, ਪ੍ਰਭਾਵਸ਼ਾਲੀ ਲਾਗੂਕਰਨ ਅਤੇ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਕੰਡਰੀ ਸਿੱਖਿਆ), ਸਕੂਲ ਮੁਖੀਆਂ, ਹਰੇਕ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਨਾਮਜ਼ਦ ਦੋ ਨੋਡਲ ਅਫ਼ਸਰਾਂ ਅਤੇ ਜਮਾਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਹਰੇਕ ਵਿਦਿਆਰਥੀ ਲਈ ਵੱਖਰੀ ਲੌਗਇਨ ਆਈ.ਡੀ. ਬਣਾਈ ਗਈ ਹੈ। ਇਨ੍ਹਾਂ ਆਈ.ਡੀਜ਼ ਰਾਹੀਂ ਜ਼ਿਲ੍ਹਾ, ਸਕੂਲ ਅਤੇ ਵਿਦਿਆਰਥੀ ਨੋਡਲ ਅਫ਼ਸਰ ਪੱਧਰ ਤੇ ਨਿਗਰਾਨੀ ਕੀਤੀ ਜਾ ਸਕੇਗੀ।
3. ਜਮਾਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਹਰੇਕ ਵਿਦਿਆਰਥੀ ਆਪਣੀ ਲੌਗਇਨ ਆਈ.ਡੀ. ਰਾਹੀਂ ਪੋਰਟਲ 'ਤੇ Log in ਕਰਕੇ ਵੱਖ-ਵੱਖ ਕੈਰੀਅਰ ਵਿਕਲਪਾਂ, ਵਿੱਦਿਅਕ ਮਾਰਗਾਂ ਅਤੇ ਕੈਰੀਅਰ ਗਾਈਡੈਂਸ ਨਾਲ ਸਬੰਧਤ ਹੋਰ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਵਿਦਿਆਰਥੀਆਂ ਦੀ Log in ਆਈ.ਡੀ.ਉਹਨਾਂ ਦੀ epunjab Log in ਆਈ.ਡੀ ਹੈ ਅਤੇ ਹਾਲ ਦੀ ਘੜੀ ਹਰੇਕ ਵਿਦਿਆਰਥੀ ਦਾ password 123456 ਹੈ ਜਿਹੜਾ ਕੀ ਵਿਦਿਆਰਥੀ ਵੱਲੋਂ ਬਦਲਿਆ ਜਾ ਸਕਦਾ ਹੈ।
4. ਪੋਰਟਲ ਦੀ ਕਾਰਜਪ੍ਰਣਾਲੀ ਅਤੇ ਇਸ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਯੂ-ਟਿਊਬ ਲਿੰਕ (https://drive.google.com/file/d/18r_LXRSRHrVuu7Ai8hX73Zek1rhLVXqJ/view?usp=sharing) ਸਾਂਝਾ ਕੀਤਾ ਜਾ ਰਿਹਾ ਹੈ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਇਹ ਯਕੀਨੀ ਬਣਾਉਣ ਕਿ

ਸਕੂਲ ਮੁਖੀ ਅਤੇ ਨੋਡਲ ਅਫ਼ਸਰ ਉਕਤ ਵੀਡੀਓ ਦੇਖ ਕੇ ਪੋਰਟਲ ਦੀ ਕਾਰਜਪ੍ਰਣਾਲੀ ਅਤੇ ਵਿਸ਼ੇਸ਼ਤਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ।

5. ਨੋਡਲ ਅਧਿਆਪਕਾਂ ਨੂੰ ਪੋਰਟਲ ਦੀ ਕਾਰਜਪ੍ਰਣਾਲੀ ਜਾਂ ਇਸ ਦੀ ਵਰਤੋਂ ਦੌਰਾਨ ਆਉਣ ਵਾਲੀਆਂ ਸਮੱਸਿਆਵਾਂ ਸਬੰਧੀ ਆਪਣੇ ਸਵਾਲ ਭੇਜਣ ਲਈ ਦੋ ਦਿਨਾਂ ਦਾ ਸਮਾਂ ਦਿੱਤਾ ਜਾਵੇਗਾ।
6. ਜ਼ਿਲ੍ਹਾ ਗਾਈਡੈਂਸ ਕਾਊਂਸਲਰਾਂ ਵੱਲੋਂ ਪੋਰਟਲ ਨਾਲ ਸਬੰਧਤ ਸਵਾਲਾਂ ਅਤੇ ਸਮੱਸਿਆਵਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਹਰ ਜਿਲੇ ਦੀ ਇੱਕ ਈ-ਮੇਲ ਆਈ.ਡੀ ਬਣਾਈ ਜਾਵੇ। ਨੋਡਲ ਅਫ਼ਸਰਾਂ ਵੱਲੋਂ ਆਪਣੇ ਸਵਾਲ ਸਬੰਧਤ ਜ਼ਿਲ੍ਹੇ ਦੀ ਉਕਤ ਨਿਰਧਾਰਤ ਈ-ਮੇਲ ਆਈ.ਡੀ. ਤੇ ਭੇਜੇ ਜਾਣ, ਤਾਂ ਜੋ ਉਨ੍ਹਾਂ ਦਾ ਲੋੜੀਂਦਾ ਨਿਪਟਾਰਾ ਅਤੇ ਅਗਲੀ ਕਾਰਵਾਈ ਯਕੀਨੀ ਬਣਾਈ ਜਾ ਸਕੇ।
7. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਇਹ ਯਕੀਨੀ ਬਣਾਉਣ ਕਿ ਪੋਰਟਲ ਦੀ ਜਾਣਕਾਰੀ ਦੇਣ ਅਤੇ ਸਿਖਲਾਈ ਸੈਸ਼ਨਾਂ ਦੇ ਆਯੋਜਨ ਲਈ ਪ੍ਰਸਤਾਵਿਤ ਸਥਾਨਾਂ ਅਤੇ ਬੈਚਾਂ ਦੇ ਵੇਰਵੇ ਤਿਆਰ ਕਰਕੇ ਮੁੱਖ ਦਫ਼ਤਰ, ਐਸ.ਸੀ.ਈ.ਆਰ.ਟੀ. ਪੰਜਾਬ ਨੂੰ careercounselling.scertpb@gmail.com 21/10/2026 ਤੱਕ ਭੇਜੇ ਜਾਣ, ਤਾਂ ਜੋ ਸਿਖਲਾਈ ਸਬੰਧੀ ਯੋਜਨਾਬੰਦੀ ਅਤੇ ਤਾਲਮੇਲ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇ।

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕੈਰੀਅਰ ਕਾਊਂਸਲਿੰਗ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਕੂਲ ਮੁਖੀਆਂ, ਨੋਡਲ ਅਫ਼ਸਰਾਂ ਅਤੇ ਜ਼ਿਲ੍ਹਾ ਗਾਈਡੈਂਸ ਕਾਊਂਸਲਰਾਂ ਨਾਲ ਲੋੜੀਂਦਾ ਤਾਲਮੇਲ ਬਣਾਏ ਜਾਣ।

DEOs/DGCs ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਮੱਸਿਆ ਸਬੰਧੀ ਸਵਾਲ ਲਈ ਸ੍ਰੀਮਤੀ ਭਾਰਤੀ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦਾ ਸੰਪਰਕ ਨੰਬਰ 9803378788 ਹੈ।

ਕਿਰਨ ਸ਼ਰਮਾ, ਪੀ.ਸੀ.ਐਸ
ਡਾਇਰੈਕਟਰ, ਐਸ.ਸੀ. ਈ.ਆਰ.ਟੀ,ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿਠ ਅੰਕਿਤ ਨੰ ...1/1.2026/1321 ਮਿਤੀ
ਉਕਤ ਹਦਾਇਤਾਂ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

16/10/26
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ